# ਸ਼ਹੀਦ ਭਗਤ ਸਿੰਘ ਤੇ ਸਾਥੀਆਂ ਵਾਲੇ ਲਾਹੌਰ ਸਾਜਿਸ਼ ਕੇਸ ਸੰਬੰਧੀ ਸਪੈਸ਼ਲ ਟ੍ਰਿਬਿਊਨਲ ਦਾ 7 ਅਕਤੂਬਰ 1930 ਵਾਲਾ ਫੈਸਲਾ — ਕੁੱਝ ਕਾਨੂੰਨੀ ਤਰੁੱਟੀਆਂ

ਮਲਵਿੰਦਰ ਜੀਤ ਸਿੰਘ ਵੜੈਚ

## 1915-17 ਵਾਲੇ ਸਪੈਸ਼ਲ ਟ੍ਰਿਬਿਊਨਲਾਂ ਨਾਲ ਤੁਲਨਾ

(ੳ) ਹਾਲਾਂਕਿ 1930 ਵਾਲੇ ਸਪੈਸ਼ਲ ਟ੍ਰਿਬਿਊਨਲ ਤੋਂ 15 ਸਾਲ ਪਹਿਲਾਂ ਗ਼ਦਰੀਆਂ ਲਈ ਵੀ ਸਪੈਸ਼ਲ ਟ੍ਰਿਬਿਊਨਲ ਕਾਇਮ ਕੀਤੇ ਗਏ ਸੀ, ਪਰ ਉਹਨਾਂ 'ਚ ਦੋਸ਼ੀ ਦੀ ਗ਼ੈਰਹਾਜ਼ਰੀ 'ਚ ਉਹਦੇ ਵਿਰੁੱਧ ਅਦਾਲਤੀ ਕਾਰਵਾਈ ਦੀ ਮਨਾਹੀ ਸੀ। ਤਦਅਨੁਸਾਰ ਉਹਨਾਂ ਟ੍ਰਿਬਿਊਨਲਾਂ 'ਚ ਕਿਤੇ ਵੀ ਕਿਸੇ ਮੁਲਜ਼ਮ ਦੀ ਗ਼ੈਰਹਾਜ਼ਰੀ ਵਿੱਚ ਸੁਣਵਾਈ ਨਹੀਂ ਸੀ ਕੀਤੀ ਗਈ, ਜਿਵੇਂ ਕਿ 1930 ਵਾਲੇ ਟ੍ਰਿਬਿਊਨਲ ਵੇਲੇ ਅਜੇਹੀ ਵਿਵਸਥਾ ਕੀਤੀ ਗਈ ਹੋਈ ਸੀ ਕਿ ਜੇ ਮੁਲਜ਼ਮ ਆਪਣੀ ਮਰਜ਼ੀ ਨਾਲ ਅਦਾਲਤ 'ਚੋਂ ਗ਼ੈਰ-ਹਾਜ਼ਰ ਰਹਿੰਦਾ ਹੈ, ਤਾਂ ਉਹਦੀ ਗ਼ੈਰ-ਹਾਜ਼ਰੀ 'ਚ ਵੀ ਉਹਦੇ ਵਿਰੁੱਧ ਕਾਰਵਾਈ ਜਾਇਜ਼ ਹੋਵੇਗੀ ਤੇ ਚੂੰਕਿ ਟ੍ਰਿਬਿਊਨਲ ਦੀ ਆਪਣੀ ਹੋਂਦ ਵੀ ਛੇ ਮਹੀਨਿਆਂ ਤੱਕ ਸੀਮਿਤ ਸੀ, ਉਸਨੇ ਵੀ ਇਹਦਾ ਪੂਰਾ ਲਾਹਾ ਲੈਂਦੇ ਹੋਏ, ਲਗਭਗ ਸਾਰੀ ਕਾਰਵਾਈ ਮੁਲਜ਼ਮਾਂ ਦੀ ਗ਼ੈਰ-ਹਾਜ਼ਰੀ 'ਚ ਹੀ ਨੇਪਰੇ ਚਾੜ੍ਹੀ — ਦੁਨੀਆ ਭਰ ਦੇ ਫੌਜਦਾਰੀ ਮੁਕਦਮਿਆਂ ਵਿੱਚ ਸ਼ੈਦ ਹੀ ਕੋਈ ਐਸੀ ਮਿਸਾਲ ਮਿਲੇਗੀ।

(ਅ) ਦੂਜੀ ਥਾਵੇਂ ਏਸ 'ਬੇ-ਲਗਾਮ' ਅਦਾਲਤ ਨੇ ਕੁੱਝ ਕੁ ਪਿਸਤੌਲਾਂ ਤੇ 'ਦੇਸੀ' ਬੰਬਾਂ ਨਾਲ ਲੈਸ 20-25 ਨੌਜਵਾਨਾਂ ਦੀ ਟੋਲੀ ਉਪਰ ਸ਼ਹਿਨਸਾਹ ਵਿਰੁੱਧ ਜੰਗ ਵਿਢਣ ਦੇ ਦੋਸ਼ 'ਚ ਧਾਰਾ 121 ਆਈ.ਪੀ.ਸੀ. ਤਹਿਤ ਸਜ਼ਾ ਸੁਣਾ ਦਿੱਤੀ ਜੀਹਦੀ ਸਲਨਤ ਤੇ ਕਦੇ 'ਸੂਰਜ ਨਹੀਂ ਸੀ ਡੁਬਦਾ'।

ਵੈਸੇ ਤਾਂ 1915-17 ਵਾਲੇ ਸਪੈਸ਼ਲ ਟ੍ਰਿਬਿਊਨਲਾਂ ਨੇ ਵੀ ਗ਼ਦਰੀਆਂ ਨੂੰ ਇਸੇ ਧਾਰਾ ਹੇਠ ਸਜ਼ਾਵਾਂ ਦਿੱਤੀਆਂ ਨੇ, ਪਰ ਗ਼ਦਰ ਪਾਰਟੀ ਨੇ ਭਾਵੇਂ ਵਿਸ਼ਾਲ ਪੱਧਰ ਤੇ ਯੋਜਨਾਬਦ ਤੌਰ ਤੇ ਠੋਸ ਵਸੀਲੇ ਜੁਟਾਕੇ ਵਿਦਰੋਹ ਦੀ ਤਿਆਰੀ ਕੀਤੀ ਹੋਈ ਸੀ, ਇਸ ਦੇ ਬਾਵਜੂਦ ਵੀ ਉਹਨਾਂ ਅਦਾਲਤਾਂ ਨੇ ਉਚੇਚੇ ਤੌਰ ਤੇ ਇਹ ਧਾਰਾ ਆਇਦ ਕਰਨ ਪਿੱਛੇ ਕਾਨੂੰਨੀ ਤਰਕ ਦੀ ਵਿਆਖਿਆ ਕੀਤੀ ਸੀ (ਜੀਹਦੀ ਸਾਰਥਿਕਤਾ ਭਾਵੇਂ ਨਾ ਵੀ ਹੋਵੇ), ਪਰ ਏਸ ਅਦਾਲਤ ਨੇ ਤਾਂ ਇਸ ਮਾਮਲੇ 'ਚ ਗੋਂਗਲੂਆਂ ਤੋਂ ਮਿੱਟੀ ਝਾੜਣ ਦਾ 'ਕਸ਼ਟ' ਵੀ ਨਹੀਂ ਕੀਤਾ ।

(ੲ) ਰਹਿੰਦੀ ਖੂੰਧੀ ਕਸਰ ਧਾਰਾ 120-ਬੀ ਲਾ ਕੇ ਕੱਢ ਦਿੱਤੀ, ਜਿਸ ਆਧਾਰ ਤੇ ਕਿਸੇ ਦੋਸ਼ੀ ਤੇ ਆਇਦ ਕੋਈ ਦੋਸ਼ ਇਹਨਾਂ ਸਾਰਿਆਂ ਵੱਲੋਂ ਕੀਤਾ ਗਿਆ ਮਿਥਿਆ ਜਾਏਗਾ: ਲੇਖਕ ਨੂੰ 10+15 ਸਾਲ ਹਾਈ ਕੋਰਟ 'ਚ ਦਰਜਨਾਂ ਮੂਹੀ ਕਤਲ ਕੇਸਾਂ ਦੀ ਪੈਰਵਾਈ ਦਾ ਜੋ ਤਜਰਬਾ ਹੈ ਉਹਦੇ ਆਧਾਰ ਤੇ ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਜਿੱਥੇ ਸੈਸ਼ਨ ਅਦਾਲਤਾਂ ਇਸ (120-ਬੀ) ਧਾਰਾ ਤਹਿਤ ਕਿੰਨੇ ਹੀ ਮੁਕਦਮਿਆਂ 'ਚ ਦੋਸ਼ੀਆਂ ਨੂੰ ਸਜ਼ਾ ਦੇਂਦੀ ਹੈ, ਲੇਕਿਨ ਹਾਈ ਕੋਰਟ 'ਚ ਪਹਿਲੀ ਸੱਟੇ ਇਹ ਸਜ਼ਾਵਾਂ ਰਫਾ ਦਫ਼ਾ ਹੋ ਜਾਂਦੀਆਂ ਨੇ — ਪਰ ਏਸ ਸਪੈਸ਼ਲ ਟ੍ਰਿਬਿਊਨਲ ਦੇ ਫੈਸਲੇ ਵਿਰੁੱਧ ਅਪੀਲ ਦੀ ਕੋਈ ਵਿਵਸਥਾ ਨਹੀਂ ਸੀ, ਹਾਲਾਂਕਿ ਅਦਾਲਤੀ ਪਰਕਿਰਿਆ ਦਾ ਇਹ ਮੂਲ ਆਧਾਰ ਹੈ ਕਿ ਹਰੇਕ ਅਦਾਲਤੀ ਫੈਸਲੇ ਵਿਰੁੱਧ, ਘੱਟੋ-ਘੱਟ ਇੱਕ ਉਚੇਰੀ ਅਦਾਲਤ ਵਿੱਚ, ਅਪੀਲ ਦੀ ਇਜਾਜ਼ਤ ਲਾਜ਼ਮੀ ਹੋਣੀ ਚਾਹੀਦੀ ਹੈ। ਦਰਅਸਲ ਸਾਜਿਸ਼ ਦਾ ਇਲਜ਼ਾਮ ਲਾਉਣਾ ਜਿੰਨਾ ਸੌਖਾ ਹੈ ਓਨਾ ਹੀ ਇਹਨੂੰ ਸਾਬਤ ਕਰਨਾ ਔਖਾ ਹੈ, ਕਿਉਂਕਿ ਸਾਜਿਸ਼ ਹੁੰਦੀ ਹੀ 'ਬੁਕਲ' ਵਿੱਚ ਹੈ। ਸੋ, ਇਸ ਦਾ 'ਸਬੂਤ' ਤਾਂ ਜੁਟਾਇਆ ਹੀ ਨਹੀਂ ਜਾ ਸਕਦਾ ਤੇ ਜੇ ਕੋਈ ਅਜੇਹਾ ਜੁਗਾੜ ਕੀਤਾ ਵੀ ਜਾਏ ਤਾਂ ਉਹ ਏਨਾ ਬੇ-ਤੁਕਾ ਹੁੰਦਾ ਹੈ ਕਿ ਉਹਨੂੰ ਤਹਿਸ-ਨਹਿਸ ਕਰਨਾ ਔਖਾ ਨਹੀਂ ਹੁੰਦਾ, ਪਰ ਜਿਵੇਂ ਅਖਾਣ ਹੈ 'ਡਾਢਿਆਂ ਦਾ ਸਤੀਂ ਵੀਹੀਂ ਸੌ'।

## ਫੈਸਲੇ ਤੇ ਪੰਛੀ ਝਾਂਤ

ਫਾਂਸੀ ਦੀ ਸਜ਼ਾ



ਸੁਖ ਦੇਵ
[19.02.1907-23.03.1931]



ਭਗਤ ਸਿੰਘ
[28.09.1907-23.03.1931]




ਸ਼ਿਵ ਰਾਮ ਰਾਜ ਗੁਰੂ
[24.08.1908-23.03.1931]

ਜੀਵਨ ਕਾਰਾਵਾਸ (ਉਮਰ ਕੈਦ)



ਸ਼ਿਵ ਵਰਮਾ
[18.01.1906-10.01.1997]



ਜੈਦੇਵ ਕਪੂਰ
[24.10.1908-19.09.1994]




ਵਿਜੈ ਕੁਮਾਰ ਸਿਨਹਾ
[17.01.1909-16.07.1992]



ਮਹਾਵੀਰ ਸਿੰਘ
[16.09.1904-17.05.1933]



ਡਾ. ਗਯਾ ਪ੍ਰਸਾਦ
[20.06.1900-10.02.1993]



ਕਿਸ਼ੋਰੀ ਲਾਲ
[09.06.1909-11.07.1990]



ਕੰਵਲਨਾਥ ਤਿਵਾੜੀ
[..................................]



ਕੁੰਦਨ ਲਾਲ
[..................................]



ਪ੍ਰੇਮ ਦੱਤ
[19.09.1911-..............]



ਦੇਸ਼ ਰਾਜ
[..................................]



ਜਤਿੰਦਰ ਨਾਥ ਸਾਨਯਾਲ
[.............-10.05.1990]



ਅਜੈ ਘੋਸ਼
[20.02.1909-13.01.1962]

**7 ਸਾਲ ਦੀ ਸਜ਼ਾ** | **5 ਸਾਲ ਦੀ ਸਜ਼ਾ** | **ਬਰੀ**


ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੁਲਾ 134109

ਫੋਨ: 0172-2556314

ਈਮੇਲ: mjswaraich29@gmail.com